ਬਿਨਾਂ ਸੋਚੇ ਸਮਝੇ ਸਿਮਰਨ, ਪਾਠ ਤੇ ਮਾਲਾ ਫੇਰਨੀਆਂ ਕੀ ਲਾਭਦਾਇਕ ਹੋ ਸਕਦੀਆਂ ਹਨ?

(ਲੇਖਕ: ਡਾ: ਕਰਤਾਰ ਸਿੰਘ)

ਗੁਰਮਤਿ ਵਿੱਚ ਸ਼ਬਦ-ਸੁਰਤ ਦਾ ਮੇਲ ਹੀ ਭਵਸਾਗਰ ਤੋਂ ਪਾਰ ਤਰਨ ਦਾ ਸਿਧਾਂਤ ਹੈ। ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ:

- ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥ (੨੯੫)

ਪ੍ਰਭੂ ਦੀ ਉਸਤਤਿ ਸਾਵਧਾਨ ਤੇ ਇਕਾਗਰ ਚਿਤ ਨਾਲ ਕਰਨੀ ਚਾਹੀਦੀ ਹੈ। ਜੇ ਬਾਣੀ ਪੜ੍ਹਨ ਤੇ ਨਾਮ ਜਪਣ ਵਿੱਚ ਸਾਵਧਾਨਤਾ ਤੇ ਇਕਾਗਰਤਾ ਦਾ ਅੰਸ਼ ਨਹੀਂ ਤਾਂ ਸੁਰਤਿ ਪੱਕ ਨਹੀਂ ਸਕਦੀ, ਮਹਿਜ ਇੱਕ ਮਸ਼ੀਨ ਵਾਂਗੂੰ ਚਲਣ ਵਾਲੀ ਗੱਲ ਹੀ ਹੋ ਜਾਂਦੀ ਹੈ।

ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ:

- ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ॥
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ॥ (੬੬੮)

ਨੌਂ ਵਿਆਕਰਣਾਂ, ਛੇ ਸ਼ਾਸਤ੍ਰ ਤੇ ਚਾਰ ਵੇਦ ਮੂੰਹ ਜਬਾਨੀ ਯਾਦ ਕਰਕੇ ਤੇ ਇਨ੍ਹਾਂ ਦਾ ਹਰ ਰੋਜ਼ ਮੂੰਹ ਜਬਾਨੀ ਰਟਣ ਨਾਲ ਵੀ ਹਰੀ ਪ੍ਰਭੂ ਇਸ ਤਰ੍ਹਾਂ ਪ੍ਰਸੰਨ ਨਹੀਂ ਹੁੰਦੇ। ਤਾਂ ਤੇ ਅਤੀ ਜ਼ਰੂਰੀ ਹੈ ਹਰੀ ਦੀ ਪ੍ਰਸੰਨਤਾ ਵਾਸਤੇ ਉਸ ਨੂੰ ਹਿਰਦੇ ਨਾਲ ਧਿਆਇਆ ਜਾਵੇ।

ਇਹ ਇੱਕ ਸਰਬ ਪ੍ਰਵਾਨਿਤ ਸਚਾਈ ਹੈ ਕਿ ਕਸਵੱਟੀ ਹਮੇਸ਼ਾਂ ਇੱਕ ਹੁੰਦੀ ਹੈ ਦੋ ਨਹੀਂ। ਜਦ ਗੁਰਮਤਿ ਦਾ ਸਪੱਸ਼ਟ ਨਿਰਣਾ ਹੈ ਕਿ ਧਿਆਨ ਤੋਂ ਬਿਨਾਂ ਧਾਰਮਿਕ ਗ੍ਰੰਥ, ਵੇਦ-ਸ਼ਾਸਤ੍ਰ, ਵਿਆਕਰਣ ਆਦਿ ਲਾਭਦਾਇਕ ਨਹੀਂ ਹੋ ਸਕਦੇ, ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੋ ਸਕਦੀ, ਤਾਂ ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵੀ ਢੁੱਕਦੀ ਹੈ। ਜਦ ਤਾਂਈਂ ਪਾਠ ਵੀਚਾਰ ਨਾਲ ਨਹੀਂ ਕਰਾਂਗੇ ਤੇ ਫਿਰ ਪਾਠ ਦੇ ਹੁਕਮ ਨੂੰ ਜੀਵਨ ਵਿੱਚ ਨਹੀਂ ਘਟਾਵਾਂਗੇ ਨਾਮ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਹੋਰ ਮੱਤਾਂ ਦੀ ਨਿਆਂਈ ਸਿੱਖਾਂ ਵਿੱਚ ਵੀ ਪਾਠ ਇੱਕ ਰਸਮ ਰਿਵਾਜ ਹੀ ਹੋ ਗਿਆ ਹੈ। ਵਿਆਹ ਸ਼ਾਦੀ, ਜੰਮਣ-ਮਰਨ ਜਾਂ ਹੋਰ ਕਾਰਜਾਂ ਲਈ ਪਾਠ ਕਰਾਏ ਜਾਂਦੇ ਹਨ ਪਰ ਜੋ ਪਾਠ ਵਿੱਚ ਹੁਕਮ ਹੈ, ਉਸਨੂੰ ਕਦੀ ਵੀਚਾਰਿਆ ਹੀ ਨਹੀਂ ਜਾਂਦਾ ਤੇ ਨਾ ਹੀ ਕਦੇ ਉਸ ਤੇ ਅਮਲ ਹੁੰਦਾ ਹੈ, ਫਿਰ ਲਾਭ ਕੀ ਹੋਇਆ? ਬਹੁਤ ਸਾਰੇ ਧਾਰਮਿਕ ਆਗੂ ਗੁਰਦੁਆਰਿਆਂ ਵਿੱਚ, ਡੇਰਿਆਂ ਵਿੱਚ ਜਾਂ ਘਰਾਂ ਵਿੱਚ ਅਖੰਡ ਪਾਠਾਂ ਜਾਂ ਸਧਾਰਣ ਪਾਠਾਂ ਦੀ ਲੜੀ ਤੋਰਦੇ ਹਨ। ਇੱਕ ਸੌ ਇੱਕ ਅਖੰਡ ਪਾਠਾਂ ਦੀਆਂ ਲੜੀਆਂ ਆਮ ਪ੍ਰਚੱਲਤ ਹਨ। ਅਨੇਕਾਂ ਪ੍ਰਕਾਰ ਨਾਲ ਸੰਪਟ ਪਾਠ ਕੀਤੇ ਜਾਂਦੇ ਹਨ। ਇੱਥੋਂ ਤਾਂਈਂ ਕਿ ਕਰੇ ਕਰਾਏ ਪਾਠ ਵੀ ਉਪਲੱਬਧ ਹੋ ਜਾਂਦੇ ਹਨ। ਜਦ ਤਾਂਈਂ ਪਾਠ ਵਿਚਾਰ ਨਾਲ ਨਾ ਕਰੀਏ ਜਾਂ ਸੁਣੀਏ ਤੇ ਨਾ ਫਿਰ ਉਸ ਤੇ ਅਮਲ ਕਰੀਏ, ਲਾਭ ਕਿਵੇਂ ਹੋ ਸਕਦਾ ਹੈ? ਮਾਇਆ ਦੇ ਕੇ ਅਖੰਡ ਪਾਠ ਕਰਾਉਣ ਨਾਲ ਲਾਭ ਕਿਵੇਂ ਪੁੱਜ ਸਕਦਾ ਹੈ?

ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜੇ ਕੇਵਲ ਪੜ੍ਹਨ ਨਾਲ ਹੀ ਸਫ਼ਲਤਾ ਹੁੰਦੀ ਹੋਵੇ ਤੇ ਨਾਮ ਦੀ ਪ੍ਰਾਪਤੀ ਹੁੰਦੀ ਹੋਵੇ ਤਾਂ ਕਿੰਨੇ ਸੈਂਕੜੇ-ਹਜ਼ਾਰਾਂ ਪਾਠੀ ਹਰ ਰੋਜ਼ ਸਾਧਾਰਨ ਤੇ ਅਖੰਡ ਪਾਠ ਕਰਦੇ ਹਨ, ਉਨ੍ਹਾਂ ਦੇ ਜੀਵਨ ਵਿੱਚ ਤਬਦੀਲੀ ਆਉਣੀ ਚਾਹੀਦੀ ਸੀ, ਪਰ ਇਹ ਹੋ ਨਹੀਂ ਰਹੀ। ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿੱਚ ਉਸੇ ਤਰ੍ਹਾਂ ਫਸੇ ਹੋਏ ਹਨ, ਜਿਵੇਂ ਇੱਕ ਨਾ ਪਾਠ ਕਰਨ ਵਾਲਾ। ਗੁਰੂ ਸਾਹਿਬ ਦਾ ਸਿਧਾਂਤ ਹੈ:

- ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ॥ (੭੯੦)

ਹੇ ਨਾਨਕ! ਜਿਨ੍ਹਾਂ ਨੇ ਗੁਰੂ ਦੀ ਗੱਲ ਸੁਣ ਕੇ ਮੰਨੀ ਹੈ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ। ਤਾਂ ਤੇ ਬਾਣੀ ਦੀ ਕਮਾਈ ਨੇ ਹੀ ਸਫ਼ਲਤਾ ਦੇਣੀ ਹੈ, ਤੋਤੇ ਰਟਨ ਤੇ ਮਾਇਆ ਦੇ ਕਰਕੇ ਪਾਠ ਕਰਾਉਣ ਨਾਲ ਕੁਝ ਨਹੀਂ ਬਣਨਾ।

ਇਸ ਦਾ ਇਹ ਭਾਵ ਨਹੀਂ ਕਿ ਬਾਣੀ ਦਾ ਪਾਠ ਕੀਤਾ ਹੀ ਨਾ ਜਾਵੇ ਜਾਂ ਸੁਣਿਆ ਨਾ ਜਾਵੇ। ਪਾਠ ਅਵੱਸ਼ ਹੀ ਕਰਨਾ ਤੇ ਸੁਣਨਾ ਚਾਹੀਦਾ ਹੈ ਪਰ ਵੀਚਾਰ ਨਾਲ ਅਰਥ ਭਾਵ ਨੂੰ ਸਮਝ ਕੇ ਅਤੇ ਜਿਸ ਭਾਵ ਦੇ ਵਲਵਲੇ ਵਿੱਚ ਬਾਣੀ ਚਲਾਉਂਦੀ ਹੈ, ਮਨ ਨੂੰ ਹਜ਼ੂਰੀ ਵਿੱਚ ਰੱਖ ਕੇ ਉਸੇ ਭਾਵ ਨਾਲ ਚਲਾਉਣਾ ਚਾਹੀਦਾ ਹੈ। ਫਿਰ ਇਸ ਤੋਂ ਉਪਰੰਤ ਜੋ ਬਾਣੀ ਵਿੱਚ ਹੁਕਮ ਹਨ, ਉਨ੍ਹਾਂ ਨੂੰ ਜੀਵਨ ਵਿੱਚ ਘਟਾਉਣਾ ਚਾਹੀਦਾ ਹੈ। ਫਿਰ ਵੇਖਣਾ ਕਿੰਨ੍ਹਾਂ ਕੁ ਲਾਭ ਹੁੰਦਾ ਹੈ, ਮਨ ਦੀਆਂ ਮੁਰਾਦਾਂ ਮਿਲ ਸਕਦੀਆਂ ਹਨ, ਪ੍ਰਤੱਖ ਵੇਖਿਆ ਜਾ ਸਕਦਾ ਹੈ। ਅਰਥਾਂ ਵਿੱਚ ਧਿਆਨ (ਸੁਰਤਿ) ਰੱਖ ਕੇ ਪਾਠ ਕਰਨ ਨਾਲ ਮਨ ਠਹਿਰਾਉ ਵਿੱਚ ਆਉਂਦਾ ਹੈ। ਮਸ਼ੀਨੀ ਰਟਨ ਵਾਂਗ ਸਿਮਰਨ ਕਰਨ ਨਾਲ ਕਦੇ ਮਨ ਨਹੀਂ ਭਿੱਜ ਸਕਦਾ। ਸਿਮਰਨ ਵੇਲੇ ਮਨ ਹਜ਼ੂਰੀ ਵਿੱਚ ਰਹਿਣਾ ਚਾਹੀਦਾ ਹੈ। ਸੁਰਤ ਤੇ ਅਭਿਆਸ ਨਾਲ ਸਿਮਰਨ ਫਲੀਭੂਤ ਹੁੰਦਾ ਹੈ। ਇਹ ਗੱਲ ਗੁਰਬਾਣੀ ਦੇ ਪਾਠ ਕਰਨ ਵੇਲੇ ਸਦਾ ਚੇਤੇ ਰੱਖਣੀ ਚਾਹੀਦੀ ਹੈ। ਜੇ ਪਾਠ ਵੇਲੇ ਧਿਆਨ ਕਿਤੇ ਤੇ ਰਸਨਾ ਕਿਤੇ ਹੈ ਤਾਂ ਕਿਵੇਂ ਲਾਭ ਹੋਵੇਗਾ? ਲਾਭ ਤਦ ਹੀ ਹੈ ਜੇ ਗੁਰੂ ਦਰਸਾਈ ਵਿਧੀ ਅਨੁਸਾਰ ਨਾਮ ਜਪਿਆ ਜਾਵੇ। ਪਰ ਸਾਡਾ ਹਾਲ ਤਾਂ ਇਹ ਹੈ:

– ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ (੪੭੪)

ਜਿਹੜਾ ਸਿੱਖ ਗੁਰੂ (ਗੁਰਬਾਣੀ) ਨੂੰ ਮੱਥਾ ਟੇਕਦਾ ਹੈ ਤੇ ਗੁਰੂ ਦੀ ਦਰਸਾਈ ਸਿੱਖਿਆ ਤੇ ਅਮਲ ਨਹੀਂ ਕਰਦਾ, ਇਹੋ ਜਿਹਾ ਸਿੱਖ ਅਸਲੀ ਨਿਸ਼ਾਨੇ ਤੋਂ ਖੁੰਜ ਗਿਆ ਹੈ। ਇਹੋ ਜਿਹੇ ਸਿੱਖ ਦੀਆਂ ਦੋਵੇਂ ਗੱਲਾਂ, ਸਲਾਮ ਜਵਾਬ ਵਾਲੀਆਂ ਕੂੜੀਆਂ ਹਨ, ਕਿਤੇ ਵੀ ਲੋਕ ਪ੍ਰਲੋਕ ਵਿੱਚ ਥਾਂ ਨਹੀਂ ਲੱਭਣੀ। ਅਸੀਂ ਗੁਰਬਾਣੀ ਅੱਗੇ ਮੱਥਾ ਟੇਕਦੇ ਹਾਂ, ਟੇਕਣਾ ਵੀ ਚਾਹੀਦਾ ਹੈ, ਪਰ ਜੋ ਹੁਕਮ ਗੁਰਬਾਣੀ ਦਰਸਾਉਂਦੀ ਹੈ, ਉਸ ਤੇ ਅਮਲ ਨਹੀਂ ਕਰਦੇ ਤਾਂ ਸਾਡੇ ਉੱਤੇ ਉਪਰਲੀ ਤੁਕ ਲਾਗੂ ਹੋ ਜਾਂਦੀ ਹੈ।

ਸਾਡਾ ਹਾਲ ਉਹੀ ਹੋਣਾ ਹੈ ਜੋ ਉਸ ਮੈਨੇਜਰ ਦਾ ਹੋਇਆ ਸੀ। ਇੱਕ ਵਾਰ ਕਿਸੇ ਮਾਲਕ ਨੇ ਪੰਜ ਸ਼ਹਿਰਾਂ ਵਿੱਚ ਪੰਜ ਮੈਨੇਜਰ ਰੱਖੇ। ਮਾਲਕ ਦਾ ਵਿਉਹਾਰ ਸੀ ਹਰ ਫ਼ਸਲ ਪੱਕਣ ਤੇ ਅਨਾਜ ਦੀ ਆਮਦ ਤੇ ਆਪਣੇ ਕੋਠੇ ਅਨਾਜ ਨਾਲ ਭਰਨੇ। ਫ਼ਸਲ ਦੇ ਮੌਸਮ ਪੁੱਜਣ ਤੇ ਮਾਲਕ ਨੇ ਸਾਰੇ ਮੈਨੇਜਰਾਂ ਨੂੰ ਜਿਣਸ ਖਰੀਦ ਕੇ ਕੋਠੇ ਭਰਨ ਲਈ ਚਿੱਠੀਆਂ ਲਿਖੀਆਂ। ਚਾਰ ਸ਼ਹਿਰਾਂ ਦੇ ਮੈਨੇਜਰਾਂ ਨੇ ਤਾਂ ਮਾਲਕ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਕੋਠੇ ਭਰ ਲਏ ਪਰ ਪੰਜਵੇਂ ਨੇ ਨਾ ਭਰੇ। ਜਦੋਂ ਮਾਲਕ ਉਨ੍ਹਾਂ ਦੇ ਸ਼ਹਿਰਾਂ ਵਿੱਚ ਪੁੱਜਾ ਤਾਂ ਉਹ ਚਾਰਾਂ ਦੇ ਕੰਮ ਤੋਂ ਬਹੁਤ ਖੁਸ਼ ਹੋਇਆ ਤੇ ਸ਼ਾਬਾਸ਼ ਦਿੱਤੀ। ਪਰ ਜਦੋਂ ਪੰਜਵੇਂ ਪਾਸ ਪੁੱਜਾ ਤੇ ਪੁੱਛਿਆ ਕਿ ਤੁਸਾਂ ਕਿੰਨਾ ਮਾਲ ਭਰਿਆ ਹੈ? ਉੱਤਰ ਵਿੱਚ ਮੈਨੇਜਰ ਨੇ ਕਿਹਾ, "ਜੀ ਕੁੱਝ ਵੀ ਨਹੀਂ" ਤਾਂ ਮਾਲਕ ਨੇ ਗੁੱਸੇ ਵਿੱਚ ਪੁੱਛਿਆ ਕਿ ਤੈਨੂੰ ਮੇਰੀ ਚਿੱਠੀ ਨਹੀਂ ਮਿਲੀ? ਇਹ ਸੁਣ ਕੇ ਮੈਨੇਜਰ ਨੇ ਅਲਮਾਰੀ ਖੋਲ੍ਹੀ ਤੇ ਇੱਕ ਰੇਸ਼ਮੀ ਰੁਮਾਲ ਮਾਲਕ ਅੱਗੇ ਰੱਖ ਦਿੱਤਾ। ਮਾਲਕ ਹੋਰ ਵੀ ਗੁੱਸੇ ਵਿੱਚ ਬੋਲਿਆ ਕਿ ਮੇਰੀ ਚਿੱਠੀ ਕਿੱਥੇ ਹੈ? ਤਾਂ ਮੈਨੇਜਰ ਨੇ ਰੁਮਾਲ ਖੋਲ੍ਹ ਕੇ ਚਿੱਠੀ ਕੱਢੀ, ਮਸਤਕ ਤੇ ਲਾਈ ਤੇ ਮਾਲਕ ਅੱਗੇ ਰੱਖ ਦਿੱਤੀ। ਮਾਲਕ ਹੋਰ ਵੀ ਭੜਕਿਆ ਤੇ ਕਿਹਾ ਕਿ ਤੁਸਾਂ ਮੇਰੀ ਚਿੱਠੀ ਪੜ੍ਹੀ ਵੀ ਹੈ ਕਿ ਨਹੀਂ? ਤਾਂ ਫਿਰ ਮੈਨੇਜਰ ਦਾ ਉੱਤਰ ਸੀ ਕਿ ਹਜ਼ੂਰ ਪੜ੍ਹਦਾ ਤਾਂ ਕਈ ਵਾਰ ਹਾਂ ਤੇ ਮਸਤਕ ਤੇ ਵੀ ਲਾਉਂਦਾ ਹਾਂ। ਇਹ ਸੁਣ ਮਾਲਕ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਤੇ ਕਿਹਾ ਕਿ ਤੁਹਾਨੂੰ ਚਿੱਠੀ ਮੱਥਾ ਟੇਕਣ ਵਾਸਤੇ ਨਹੀਂ ਭੇਜੀ ਸੀ ਬਲਕਿ ਉਸ ਤੇ ਅਮਲ ਕਰਨ ਲਈ ਭੇਜੀ ਸੀ।

ਸੋ ਜੇ ਅਸੀਂ ਗੁਰੂ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ, ਜੁਗੋ ਜੁਗ ਅਟੱਲ ਤੇ ਤਖ਼ਤ ਦੇ ਮਾਲਕ ਵਿੱਚ ਜੋ ਹੁਕਮਨਾਮਾ ਧੁਰੋਂ ਆਇਆ ਹੈ, ਉਸ ਤੇ ਅਮਲ ਨਹੀਂ ਕਰਾਂਗੇ ਤੇ ਆਸ ਰੱਖੀਏ ਕਿ ਪ੍ਰਭੂ ਜੀ ਪ੍ਰਸੰਨ ਹੋ ਜਾਣਗੇ, ਸਿਰੇ ਦਾ ਭੁਲੇਖਾ ਹੈ। ਸਾਧਾਰਣ ਬੰਦਾ ਜੇ ਕਿਸੇ ਦੀ ਪ੍ਰਸੰਨਤਾ ਲੈਣਾ ਚਾਹੁੰਦਾ ਹੈ ਤਾਂ ਉਹ ਖੁਸ਼ੀ ਲੈਣ ਵਾਲੇ ਦੀ ਗੱਲ ਮੰਨੇਗਾ ਤਾਂ ਖੁਸ਼ੀ ਮਿਲੇਗੀ, ਐਵੇਂ ਨਹੀਂ। ਇਸੇ ਤਰ੍ਹਾਂ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਐਵੇਂ ਹੀ ਫੋਕੇ ਮੱਥੇ ਟੇਕਦੇ ਰਹੀਏ ਤੇ ਉਨ੍ਹਾਂ

ਦਾ ਇੱਕ ਉਪਦੇਸ਼ ਵੀ ਜੀਵਨ ਵਿੱਚ ਨਾ ਘਟਾਈਏ ਤੇ ਆਸ ਰੱਖੀਏ ਕਿ ਗੁਰੂ ਪਾਤਸ਼ਾਹ ਪ੍ਰਸੰਨ ਹੋ ਜਾਣਗੇ, ਇਹ ਸਾਡਾ ਭੁਲੇਖਾ ਹੈ। ਤਾਂ ਤੇ ਗੁਰੂ ਰੂਪ ਬਾਣੀ ਨੂੰ ਪੜ੍ਹ ਕੇ, ਸੁਣ ਕੇ ਜੀਵਨ ਵਿੱਚ ਘਟਾਈਏ ਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲਈਏ ਤੇ ਆਪਣਾ ਜਨਮ ਸਕਰਥਾ ਕਰੀਏ। ਨਹੀਂ ਤਾਂ ਸਾਡਾ ਹਾਲ ਵੀ ਉਸੇ ਮੈਨੇਜਰ ਵਰਗਾ ਹੀ ਹੋਣਾ ਹੈ ਜਿਸ ਨੇ ਆਪਣੇ ਮਾਲਕ ਦੇ ਹੁਕਮਨਾਮੇ ਤੇ ਅਮਲ ਨਹੀਂ ਕੀਤਾ ਤੇ ਨੌਕਰੀ ਗੁਆ ਬੈਠਾ।